16963 G

16963-U

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

169639

੧ ੴ ਸਤਿਗੁਰ ਪ੍ਰਸਾਦਿ ॥

# ਉਸਤਤ

ਸ੍ਰੀ ਗੁਰੂ ਨਾਨਕ ਸਾਹਿਬ ਜੀ ਕੈਵਲੇ ਹੈਦਾਂ ਵਿੱਚ

ਜਿਸਨੂੰ

[illegible] ਸਿੰਘ, ਸਵਾਂਸ ਸਿੰਘ,

[illegible] ਹੋਰ ਕਰਕੇ, ਨਸੀਬੀ ਨੇ ਛਪਵਾ ਈ.

ਕਰਮਸਟੀਮਪ੍ਰੈਸ ਲਾਹੌਰ ਮੇਂ ਮਲਕ ਹਰਾਗ ਦੀਨ ਕੇ ਅਧਿਕਾਰ ਸੇ ਛਪੀ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16963 G

੧ ੴ ਸਤਿਗੁਰਪ੍ਰਸਾਦਿ ॥

ਦੋਹਰਾ ॥ ਸ੍ਰੀ ਗੁਰੂ ਨਾਨਕ ਦੇਵ ਕੀ ਮਹਿਮਾਂ ਕਹੂੰ ਸੁਨਾਏ ॥ ਅਚਰਜ ਖੇਲ ਸਤਿਗੁਰ ਕੀਏ ਲਿਖਣ ਮੇਂ ਨਹੀਂ ਆਏ ॥ ਕੋਰੜਾ ਛੰਦ ॥ ਮੈਂ ਉਸ ਧਰਤੀ ਤੋਂ ਵਾਰੀ ਪਿਆ-ਰਿਆ ॥ ਜਿਥੇ ਗੁਰੂ ਨਾਨਕ ਅਵਤਾਰ ਧਾਰਿਆ ॥ ਹੋਇਕੇ ਦਿਆਲ ਰੱਬ ਗੁਰੂ ਘੱਲਿਆ ॥ ਜਿਹਨੇ ਸਾਰੀ ਧਰਤੀ ਨੂੰ ਆਨ ਛੱਲਿਆ ॥ ਸਤਿਗੁਰਾਂ ਤਾਈਂ ਜੀ ਡੰਡੌਤ ਬੰਦਨਾਂ ॥ ਦੂਰ ਕੀਤੇ ਦੁਖ ਕੱਟ ਦਿਤੇ ਫੰਦਨਾ ॥ ਧੰਨ ਗੁਰੂ ਨਾਨਕ

BOOK

Digitized by Panjab Digital Library | www.panjabdigilib.org

ਜਿਸ ਜੱਗ ਤਾਰਿਆ ॥ ਗੁਰੂ ਬਿਨਾਂ ਓਟ ਨਾਂ ਤੂੰ ਸਮਝ
ਪਿਆਰਿਆ ॥ ਨਾਲ ਲੈਕੇ ਬਾਲਕਾਂ ਨੂੰ ਖੇਡਨ ਜਾਂਵਦੇ ॥
ਸਤਿਨਾਮੁ ਸਤਿਨਾਮੁ ਪੈ ਜਪਾਂਵਦੇ ॥ ਪਾਂਧੇ ਪਾਸ ਗੁਰੂ ਨਾ-
ਨਕ ਪੜ੍ਹਨ ਘਲਿਆ ॥ ਪਾਂਧੇ ਨੂੰ ਪੜ੍ਹਾਇ ਗੁਰੂ ਨਾਨਕ
ਚਲਿਆ ॥ ਕਾਜ਼ੀਆਂ ਤੇ ਪੰਡਤਾਂ ਭੀ ਕਹਿਆ ਸਭ ਨੇ ॥
ਕਾਲੂ ਤੇਰਾ ਬੇਟਾ ਹੈ ਪਠਾਯਾ ਰੱਬ ਨੇ ॥ ਧੰਨ ਗੁਰੂ ਨਾਨਕ
ਜਿਸ ਜਗ ਤਾਰਿਆ ॥ ਗੁਰੂ ਬਿਨਾਂ ਓਟ ਨਾ ਤੂੰ ਸਮਝ ਪਿ-
ਆਰਿਆ ॥ ਪੰਦਰਾਂ ਸੈ ਪੈਂਤ੍ਰੀ ਬਿਸਾਖ ਪਿਆਰਿਆ ॥ ਚੱਲੇ
ਛਡ ਮੰਜੀਆਂ ਚਰੰਨ ਪਿਆਰਿਆ ॥ ਧੰਨ ਮਾਤਾ ਤ੍ਰਿਪਤਾ

Digitized by Panjab Digital Library | www.panjabdigilib.org

ਜਿਸਨੇ ਬਾਲ ਜਣਿਆ ॥ ਮੰਗੀਆਂ ਦਾ ਫੈਲੂ ਮਹਾਰਾਜ
ਬਣਿਆ ॥ ਜੱਗ ਵਿਚ ਧੂੰਤਾ ਮੇਟੇ ਵੇਸ ਧਰਕੇ ॥ ਚਲੇ ਸਤਿ
ਗੁਰੂ ਸੋਹਣਾ ਵੇਸ ਕਰਕੇ ॥ ਮਾਤਾ ਪਿਤਾ ਦੀ ਜਿਨ੍ਹਾਂ ਆ-
ਗਿਆ ਮੰਨੀ ਹੈ ॥ ਧੰਨ ਸਤਿਗੁਰ ਮਰਿਯਾਦਾ ਬੰਨ੍ਹੀ ਹੈ ॥
ਵਕਤ ਦੁਪੈਹਰ ਜਾਂ ਸਿਰ ਆਇਆ ਜੀ ॥ ਠੰਢੀ ਜਗਾਂ ਦੇਖ
ਗੁਰਾਂ ਡੇਰਾ ਲਾਇਆ ਜੀ ॥ ਕਪੜਾ ਵਿਛਾਕੇ ਗੁਰੂ ਬੈਠ
ਜਾਂਦੇ ॥ ਵਾਹਿਗੁਰੂ ਨਾਲ ਗੁਰੂ ਲਿਵ ਲਾਂਦੇ ॥ ਹਰੀ
ਪੈਲੀ ਦੇਖ ਮੱਝੀਂ ਭੁੱਖੀ ਜਾਂਦੀਆਂ ॥ ਸਭਨੀ ਹੂੰ ਜਾਇ ਉਹ
ਖੂਬ ਖਾਂਦੀਆਂ ॥ ਦੇਖ ਜੱਟ ਪੈਲੀ ਵਾਲਾ ਵਾਜ ਮਾਰਦਾ ॥

Digitized by Panjab Digital Library | www.panjabdigilib.org

ਕੌਨ ਹੈ ਜੋ ਖੇਤੀ ਵਿਚ ਮੱਝੀਂ ਚਾਰਦਾ॥ ਕਹਿੰਦਾ ਮੇਰੀ ਖੇਤੀ
ਤੁਸਾਂ ਉਜਾੜੀ ਜੀ ॥ ਕਾਲੂ ਦਿਆ ਪੁਤ੍ਰਾ ਤੈਂ ਸ਼ਰਮ ਭਾਰੀ
ਜੀ ॥ ਬਾਹੋਂ ਨਪ ਗੁਰੂ ਜੀ ਨੂੰ ਅਗੇ ਲਾਵੰਦਾ ॥ ਜਾਇਕੇ ਤੇ
ਰਾਇ ਪਾਸ ਹੈ ਖਲਾਂਵੰਦਾ ॥ ਇਸ ਲੜਕੇ ਨੇ ਖੇਤੀ ਮੇਰੀ
ਸਾਰੀ ਜੀ ॥ ਖਵਾਇ ਕੇ ਤੇ ਮੱਝੀਆਂ ਨੂੰ ਹੈ ਉਜੜੀ ਜੀ ॥
ਰਾਏ ਫੇਰ ਕਾਲੂ ਨੂੰ ਹੈ ਸਦਾਵੰਦਾ॥ ਸੁਣ ਕਾਲੂ ਏਹ ਜੱਟ
ਜੀ ਹੈ ਗਾਵੰਦਾ ॥ ਕਾਲੂ ਆਖੇ ਪੁੱਤਰ ਮੇਰਾ ਹੈ ਦਿਵਾਨਾ ਜੀ
। ਅੱਠੇ ਪੈਹਰ ਰੈਂਹਦਾ ਹੈ ਮਸਤਾਨਾ ਜੀ। ਰਾਏ ਆਖੇ ਜੱਟ
ਦੀ ਤੂੰ ਖੇਤੀ ਭਰਦੇ ॥ ਅਗੋਂ ਨ ਚਰਾਈਂ ਮੱਝੀਂ ਇਸ ਨਰਦੇ

Digitized by Panjab Digital Library | www.panjabdigilib.org

16963G

॥ ਗੁਰੂ ਸਾਹਿਬ ਨੇ ਅਗੋਂ ਏਹ ਉਚਾਰਾ ਜੀ ॥ ਐਵੇਂ ਇਸ ਜੱਟ ਨੇ ਚਾ ਝੂਠ ਮਾਰਾ ਜੀ ॥ ਖੇਤੀ ਇਸਦੀ ਹੈ ਅਮਨ ਅ-ਮਾਨ ਜੀ ॥ ਝੂਠੀ ਆਕੇ ਏਸਨੇ ਕਹੀ ਜੁਬਾਨ ਜੀ ॥ ਝੂਠ ਵਾਲੀ ਬਾਤ ਸੁਨ ਜੱਟ ਗੱਜਦਾ ॥ ਖੇਤੀ ਵਿੱਚ ਰਿਹਾ ਨਹੀਂ ਪੱਠਾ ਛੱਜਦਾ ॥ ਗੁਰਾਂ ਕਿਹਾ ਨੌਕਰ ਤੁਸੀ ਭੇਜੋ ਆਪਣਾ ॥ ਜਿਸ ਨੇ ਨਾ ਝੂਠ ਤੁਹਾਡੇ ਪਾਸ ਆਖਣਾ ॥ ਆਪਣਾ ਹੀ ਆਦਮੀ ਰਾਏ ਨੇ ਘੱਲਿਆ ॥ ਵੇਖੇ ਜਾਏ ਖੇਤੀ ਪੱਤਾ ਨਹੀਂ ਹੱਲਿਆ ॥ ਵੇਖਕੇ ਤੇ ਖੇਤੀ ਜੱਟ ਖੁਸ਼ ਹੋਂਵਦਾ ॥ ਪ੍ਰੇਮ ਨਾਲ ਗੁਰੂ ਜੀ ਦੇ ਚਰਨ ਧੋਂਵਦਾ ॥ ਅੱਗੇ ਹਾਲ ਹੋਰ ਤੁਸੀ ਸੁਣੋਂ

Digitized by Panjab Digital Library | www.panjabdigilib.org

ਪਿਆਰਿਓ ॥ ਮੱਝੀਆਂ ਚਰਾਂਦੇ ਗੁਰੂ ਨਿਤ ਪਿਆਰਿਓ ॥
ਇਕ ਦਿਨ ਮੱਝੀਆਂ ਗੁਰਾਂ ਨੇ ਆਂਦੀਆਂ ॥ ਆਪ ਸੁਤੇ ਵਣ
ਹੇਠ ਮੱਝੀਂ ਚਾਰਾ ਖਾਂਦੀਆਂ ॥ ਵੇਲਾ ਜਦੋਂ ਆਂਣਕੇ ਦੁਪੈਹਰ
ਹੋਂਵਦਾ ॥ ਵਣਦਾ ਪਰਛਾਵਾਂ ਉਥੇ ਹੀ ਖਲੋਂਵਦਾ ॥ ਗੁਰੂ ਜੀ
ਦੇ ਉਪਰ ਛਾਇਆ ਰਹੀ ਸਾਰੀ ਹੈ ॥ ਮੁਖ ਉਪਰ ਲੱਗੀ
ਤਾਹੀ ਧੁਪ ਕੜੀ ਹੈ ॥ ਉਸ ਜਗਾ ਉਤੇ ਇਕ ਸਰਪ ਆ-
ਵੰਦਾ ॥ ਛਾਇਆ ਸਤਿਗੁਰੂ ਨੂੰ ਸਾਰੀ ਕਰਾਵੰਦਾ ॥ ਚਲਕੇ
ਤਾਂ ਰਾਏ ਇੱਧਰ ਸੈਲ ਆਵੰਦਾ ॥ ਸੁੱਤੇ ਸਤਿਗੁਰੂ ਨੂੰ ਹੈ ਜਾ
ਜਗਾਵੰਦਾ ॥ ਰਾਏ ਬੁਲਾਰ ਜਦੋਂ ਗੁਰਾਂ ਨੂੰ ਪਛਾਨਿਆਂ ॥

Digitized by Panjab Digital Library | www.panjabdigilib.org

ਛਾਤੀ ਨਾਲ ਲਾਵੇ ਮੂੰਹੋਂ ਇਹ ਬਖਾਨਿਆ ॥ ਧੰਨ ਹੈਂ ਤੂੰ
ਏਨ ਜਿਸ ਜਗ ਤਾਰਿਆ ॥ ਗੁਰੂ ਬਿਨਾਂ ਓਟ ਨਾ ਤੂੰ ਸਮਝ
ਪਿਆਰਿਆ ॥ ਹੋਰ ਗਾਲ ਆਪਣੇ ਕਰਾਂ ਬਯਾਨ ਜੀ ॥
ਸੁਣਾ ਵਿਚ ਚੌਲੇ ਨਾ ਮੇਰੀ ਜ਼ੁਬਾਨ ਜੀ ॥ ਗਾਲ ਹੈ ਬਿਅੰਤ
ਅੰਤ ਨਹੀਂ ਆਵੰਦਾ ॥ ਤੁਰਤ ਜੇਹੀ ਬਣੀ ਤੈਂ ਨਾ ਕਹਿਆ
ਜਾਵੰਦਾ ॥ ਮਾਤਾ ਕਾਲੂ ਤਾਂਈਂ ਫੇਰ ਕੇ ਸਮਝਾਂਵਦੀ ॥ ਨਾ-
ਨਕ ਹੀ ਇਸ਼ਾ ਨਮ ਨਜ਼ਰ ਆਵੰਦੀ ॥ ਨਹੀਂ ਕੁਝ ਪੀਂਦਾ
ਤੇ ਹੈ ਨਹੀਂ ਖਾਵੰਦਾ ॥ ਦੁਬਲਾ ਨਿਰਬਲ ਅਤੀ ਹੋਂਦਾ ਜਾ
ਵੰਦਾ ॥ ਦਿਨ ਦਿਨ ਰੰਗ ਹੋਂਦਾ ਜਾਂਦਾ ਪੀਲਾ ॥ ਸਦਕੇ

Digitized by Panjab Digital Library | www.panjabdigilib.org

ਹਕੀਮ ਕੋਈ ਕਰੇ ਚੀਜ਼ਾ ॥ ਵੈਦ ਹਰਿਦਾਸ ਤਾਈਂ ਬੁਲ
ਵਾਇਆ ਹੈ ॥ ਗੁਰੂ ਜੀ ਦਾ ਹਾਲ ਆਕੇ ਵਿਖਲਾਇਆ ਹੈ ॥
ਆਇਕੇ ਤੇ ਵੈਦ ਬਾਹੀਂ ਨੂੰ ਟਟੋਲਦਾ ॥ ਵੇਖਕੇ ਤੇ ਨਾੜੀ
ਵੈਦ ਫਿਰਿ ਬੋਲਦਾ ॥ ਮੈਨੂੰ ਕੁਝ ਰੋਗ ਦਾ ਨਾ ਪਤਾ ਲਗਦਾ
॥ ਰੱਬ ਨੂੰ ਮਲੂਮ ਸਾਰਾ ਭੇਤ ਰੱਖਦਾ ॥ ਆਖੇ ਕਿਹਾ ਸੁਣ
ਭਾਈ ਵੈਦ ਭੋਲਿਆ ॥ ਇਸ ਗੁੱਝੇ ਰੋਗਾਂ ਨੂੰ ਨਾ ਕਿਸੇ ਫੋ-
ਲਿਆ ॥ ਜਿਸ ਲੱਗੀ ਰੋਗ ਹੀਏ ਨਾਮ ਰੱਖਦੇ ॥ ਨਾੜੀਆ
ਦੇ ਵਿੱਚ ਓਹ ਨਹੀਂ ਲੱਭਦੇ ॥ ਕਰਕ ਕਲੇਜੜੇ ਦੇ ਵਿਚ ਹੋਂ-
ਵਦੀ ॥ ਜੜੀ ਅਤੇ ਬੂਟੀ ਹੈ ਨਾ ਕੁਝ ਖੋਂਵਦੀ ॥ ਦੇਕੇ ਰੁਪੈਯਾ

Digitized by Panjab Digital Library | www.panjabdigilib.org

ਪਿਤਾ ਕਾਲੂ ਟੋਰਦਾ ॥ ਨਾਲ ਬਾਲਾ ਭਾਈ ਗੁਰਾਂ ਸੰਗ ਜੋੜ
ਦਾ ॥ ਜਾਇਕੇ ਤੇ ਤੁਸਾਂ ਖਰਾ ਸਉਦਾ ਕਰਨਾ ॥ ਮੇਰੀ ਇਸ
ਗੱਲ ਨੂੰ ਹੈ ਚਿੱਤ ਧਰਨਾ ॥ ਭੁੱਖੇ ਸੰਤ ਵੇਖਕੇ ਪ੍ਰਸਾਦਿ ਕੀਤੜਾ
॥ ਬਾਪਦਾ ਖਰਚ ਸਭ ਕਰ ਲੀਤੜਾ ॥ ਸੱਚਾ ਸੌਦਾ ਕਰ ਗੁਰੂ
ਪਿਛਾਂ ਆਂਵਦੇ ॥ ਤੈਨੂੰ ਸਾਹਿਬ ਆਕੇ ਚਾ ਡੇਰਾ ਲਾਂਵਦੇ ॥
ਗੁਰੂ ਰਹੇ ਬੈਠੇ ਬਾਲਾ ਘਰ ਜਾਂਵਦਾ ॥ ਆਕੇ ਕਾਲੂ ਤਾਈਂ
ਸਾਰਾ ਕਹ ਸੁਣਾਂਵਦਾ ॥ ਗੁਰਾਂ ਨੇ ਚਾ ਸੰਤਾਂ ਨੂੰ ਖੁਵਾਈਆਂ
ਰੋਟੀਆਂ ॥ ਗੁੱਸੇ ਆਏ ਬਾਪ ਨੇ ਚਪੇੜਾਂ ਟੋਕੀਆਂ ॥ ਉਥੋਂ
ਸੁਲਤਾਨ ਪੁਰ ਆਏ ਗੁਰੂ ਜੀ ॥ ਨਵਾਬ ਸੌਂਦੇ ਮੋਦੀ ਨੂੰ ਚ-

Digitized by Panjab Digital Library | www.panjabdigilib.org

ਲਾਏ ਗੁਰੂ ਜੀ ॥ ਫਿਰ ਇਨ ਸੱਦਕੇ ਨਵਾਬ ਗੁਰੂ ਨੂੰ ॥
ਸਉਂਪਾ ਮੋਦੀ ਖਾਨੇ ਦਾ ਹਿਸਾਬ ਗੁਰੂ ਨੂੰ ॥ ਲੱਗਾ ਬਾਬਾ
ਰਸਦ ਦੇਨ ਬਹੁ ਖਿਲਕਤ ਨੂੰ ॥ ਗਰੀਬ ਤੇ ਫ਼ਕੀਰ ਭੁਖੇ ਸਾਧ
ਸੰਤ ਨੂੰ ॥ ਕਿੱਸੇ ਚਾਹਸੀ ਚੁਗਲੀ ਨਵਾਬ ਪਾਸ ਜਾ ॥ ਸਾਰਾ
ਮੋਦੀ ਖਾਨਾ ਬਾਬਾ ਆਪ ਖਾਲਿਆ ॥ ਸੱਦਕੇ ਨਵਾਬ ਨੇ
ਹਿਸਾਬ ਕੀਤਾ ॥ ਫਿਰ ਸੈਂਤ ਪੈਂਤੀ ਉਲਟਾ ਵਾਧਾ ਲੀਤਾ
॥ ਜੋੜਕੇ ਹਾਥ ਖੜੇ ਧੁਆਂਦੇ ਪਾਂਦੇ ॥ ਸਦਾ ਹੀ ਅਮਿਤ
ਨਹੀਂ ਡੇਰਾ ਪਾਂਦੇ ॥ ਚੱਲਦੇ ਤਾਂ ਗੁਰੂ ਵੇਲੀ ਸਾਹਿਬ ਆ-
ਵੰਦੇ ॥ ਪਾਰ ਭਾਈ ਲਾਲੋ ਦੇ ਜਾ ਡੇਰਾ ਲਾਂਵਦੇ ॥ ਰੋਜ਼ਾਂ ਤੇ

Digitized by Panjab Digital Library | www.panjabdigilib.org

ਵਿਛਾਈ ਗੁਰਾਂ ਕੀਤੀ ਆਪ ਜੀ ॥ ਪਾਪੀਆਂ ਦੇ ਤਾਰਨੇ ਨੂੰ ਕੀਤਾ ਜਾਪ ਜੀ ॥ ਦੇਵਣੇ ਦੀ ਦੇਣੀ ਗੁਰੂ ਆਪ ਪਾਂਵਦੇ ॥ ਪ੍ਰੇਮੀਆਂ ਦੇ ਪ੍ਰੇਮ ਨੂੰ ਪੂਰਾ ਕਰਾਂਵਦੇ ॥ ਇਕ ਰਹਿੰਦੇ ਜੰਗਲ ਰਾਤ ਫਾਲੇ ਪਾਸ ਜੀ ॥ ਏਸ ਤਰਾਂ ਗੁਰਾਂ ਦੀ ਏਹ ਬਣੀ ਬਾਤ ਜੀ ॥ ਹਾਲ ਇਕ ਇਕ ਦਾ ਮੈਂ ਦੱਸਾਂ ਖੀਤਸਾ ॥ ਗੁਰਾਂ ਦੇ ਅਜਬ ਇੱਕ ਕੌਤਕ ਕੀਤਸਾ ॥ ਇੱਕ ਜੋ ਬਾਹਮਣ ਗੁਰਾਂ ਪਾਸ ਆਇਆ ॥ ਨਿਮਸ਼ਕਾਰ ਕਰਕੇ ਤੇਜਨੂੰ ਮਨਾਇਆ । ਫਕੀਰਾਂ ਨੂੰ ਨਾ ਪਾਵਣ ਦੀ ਕੋਈ ਲੋੜ ਜੀ ॥ ਸਾਨੂੰ ਨਹੀਂ ਤੁਹਾਡਾ ਲਡੂ ਨਰੋਆ ਜੀ ॥ ਏਹ ਜਨਿ ਤੁਸਾਂ ਨੇ ਜੋ ਨਹੀਂ ਪ

Digitized by Panjab Digital Library | www.panjabdigilib.org

ਵਣਾ ॥ ਰੋਜਹੇ ਮਲਕ ਨੇ ਤੁਸਾਂ ਨੂੰ ਲ੍ਯਾਵਣਾ ॥ ਸਭ ਨੂੰ ਚਾ
ਸਦਕੇ ਜਿਓਂਦਾ ਖਵਾਂਵਦੇ ॥ ਗੁਰੂ ਸਾਹਿਬ ਨਹੀਂ ਉਠਦੇ ਵਲ
ਜਾਂਵਦੇ ॥ ਮਿਸਰ ਨੇ ਮਲਕ ਪਾਸ ਖਬਰੀ ਗੁਜਾਰੀ ॥
ਨਾਨਕ ਫੁਕਰਾਹੀਆ ਨਹੀਂ ਆਯਾ ਜਗ ਜੀ ॥ ਸਦਕੇ ਚਾ
ਬ੍ਰਹਮਣ ਗੁਰਾਂ ਪਾਸ ਘੱਲਿਆ ॥ ਅੱਗੋਂ ਗੁਰੂ ਨਾਨਕ ਪਿੱਛੇ
ਲਾਲੋ ਹੱਲਿਆ ॥ ਰੋਗਾ ਨਹੀਂ ਕੀਤਾ ਤੁਸਾਂ ਜੋ ਨਾ ਆ-
ਵਣਾ ॥ ਸਾਡਾ ਭੋਜਨ ਛੱਡਕੇ ਸੂਦ੍ਰ ਦਾ ਪਾਵਣਾ ॥ ਗੁਰੂ ਮਿ-
ਹਰਬਾਨ ਅਗੋਂ ਕੈਂਹਦੇ ਬੋਲਕੇ ॥ ਪਾਜ ਤੇਰਾ ਸਾਰਾ ਅਸੀ
ਦਸੀਏ ਫੋਲਕੇ ॥ ਲੂੰਗੀ ਤੇ ਕਚੌਰੀ ਗੁਰਾਂ ਹੱਥ ਲੀਤੜੀ ॥

Digitized by Panjab Digital Library | www.panjabdigilib.org

ਕੋਧਰੇ ਦੀ ਰੋਟੀ ਦੂਜੇ ਹੱਥ ਕੀਤੜੀ ॥ ਪੂੜੀ ਤੇ ਕਚੌਰੀ ਜੋ-
ਹੜੀ ਹੈਸੀ ਪਜਾਰਿਓ ॥ ਨਿਕਲਿਆ ਹੈ ਲਹੂ ਰੰਜ ਆਵੇ
ਸਾਰਿਓ ॥ ਮਿਹਰ ਦੀ ਨਜਰ ਕਰ ਗੁਰੂ ਤਾਰਦੇ ॥ ਕੋਧਰੇ ਦੀ
ਰੋਟੀ ਵਿੱਚੋਂ ਦੁੱਧ ਕਢਾਵਦੇ ॥ ਓਥੋਂ ਫਿਰ ਮੱਕੇ ਵੱਲ ਗੁਰੂ ਜਾਂਵਦੇ
॥ ਬਾਲਾ ਮਰਦਾਨਾ ਗੁਰਾਂ ਸੰਗ ਧਾਂਵਦੇ ॥ ਮੱਕੇ ਵੱਲ ਪੈਰ
ਕਰ ਗੁਰੂ ਸੌਂਵਦੇ ॥ ਆਪੋ ਵਿੱਚ ਕਾਜੀ ਸਭੇ ਗੱਲਾਂ ਗੌਂਵਦੇ ॥
ਕੌਣ ਇਥੇ ਆਇਆ ਧਰ ਪੈਰ ਸੁਤੜਾ ॥ ਜੀਵਣ ਨੇ ਮਾਰੀ
ਲੱਤ ਜਾਇ ਪੁਛੜਾ ॥ ਫੜਕੇ ਤੇ ਲੱਤੋਂ ਗੁਰਾਂ ਨੂੰ ਘਸੀਟਿਆ
॥ ਫਿਰਿਆ ਜੱਦ ਮੱਕਾ ਕਾਜੀ ਦੇਖ ਰੀਕਿਆ ॥ ਜਿਧਰ

Digitized by Panjab Digital Library | www.panjabdigilib.org

ਕਰੇ ਲੱਤਾਂ ਮੱਥਾ ਜਾਏ ਫਿਰੇ ਜੀ ॥ ਹੋਇਕੇ ਅਧੀਨ ਚਰਨ ਸਿਰ ਧਰੇ ਜੀ ॥ ਮੈਂ ਬਲਿਹਾਰੀ ਜਾਵਾਂ ਗੁਰੂ ਮੇਰਿਆ ॥ ਧੰਨ ਗੁਰੂ ਨਾਨਕ ਜਿਸ ਮੱਕਾ ਫੇਰਿਆ ॥ ਧੰਨ ਗੁਰੂ ਨਾਨਕ ਜਿਸ ਜੱਗ ਤਾਰਿਆ ॥ ਗੁਰੂ ਬਿਨਾਂ ਓਟ ਨਾਂ ਤੂੰ ਸਮਝ ਪਿ-ਆਰਿਆ ॥ ਦਾਸ ਦੀ ਹੈ ਬੇਨਤੀ ਤੂੰ ਮੰਨ ਪਿਆਰਿਆ ॥ ਰੱਖੇ ਚਰਨਾਂ ਦੇ ਪਾਸ ਜਿਹ ਬਿਨੈ ਸਾਰਿਆਂ ॥ ਮੈਨੂੰ ਨਹੀਂ ਅਕਲ ਤੂੰ ਬਖਸ਼ ਪਿਆਰਿਆ ॥ ਜਾਨ ਕੇ ਅਜਾਨ ਭੁਲੀਓਂ ਬਖਸ਼ ਪਿਆਰਿਆ ॥

ਸਤਿ ਸ੍ਰੀ ਅਕਾਲ ॥

ਸੰਪੂਰਣ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1310

Digitized by Panjab Digital Library | www.panjabdigilib.org

Digitized by Panjab Digital Library | www.panjabdigilib.org